# ਕੁਲਵੰਤ ਸਿੰਘ ਵਿਰਕ ਦਾ ਬਿਰਤਾਂਤ ਸ਼ਾਸਤਰ : 'ਦੁਆਦਸ਼ੀ' ਦੇ ਪ੍ਰਸੰਗ ਵਿੱਚ

ਪੇਸ਼ਕਰਤਾ : ਪ੍ਰੋ. ਸਤਿੰਦਰ ਕੌਰ ਢਿੱਲੋਂ
ਪੰਜਾਬੀ ਵਿਭਾਗ

# ਲੇਖਕ ਬਾਰੇ

ਕੁਲਵੰਤ ਸਿੰਘ ਵਿਰਕ (੨੦ ਮਈ ੧੯੨੧–੨੪ ਦਸੰਬਰ ੧੯੮੭) ਦਾ ਜਨਮ ਪਿੰਡ ਫੁੱਲਰਵਨ, ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਸਰਦਾਰ ਆਸਾ ਸਿੰਘ ਵਿਰਕ ਅਤੇ ਮਾਤਾ ਸਰਦਾਰਨੀ ਈਸ਼ਰ ਕੌਰ (ਚੱਠਾ) ਸਨ। ਉਨ੍ਹਾਂ ਨੇ ਅੰਗਰੇਜ਼ੀ ਦੀ ਐਮ.ਏ. ੧੯੪੨ ਵਿੱਚ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਕੀਤੀ ਅਤੇ ਫਿਰ ਲਾਅ ਕਾਲਜ , ਲਾਹੌਰ ਤੋਂ ਐਲ.ਐਲ.ਬੀ. ਕਰਨ ਉਪਰੰਤ ਪਹਿਲਾਂ ਫ਼ੌਜੀ ਅਫ਼ਸਰ (੧੯੪੨-੪੩), ਫਿਰ ਲਾਇਜ਼ਾਂ ਅਫ਼ਸਰ ਮੁੜ ਵਸਾਊ ਵਿਭਾਗ (੧੯੪੭-੪੮) ਬਣੇ। ਉਨ੍ਹਾਂ ਨੇ ਕਈ ਉੱਚ ਅਹੁਦਿਆਂ ਤੇ ਰਹਿਕੇ ਸਰਕਾਰੀ ਸੇਵਾ ਨਿਭਾਈ। ਉਨ੍ਹਾਂ ਨੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦੀਆਂ ਕਹਾਣੀਆਂ ਦਾ ਰੂਸੀ ਅਤੇ ਜਾਪਾਨੀ ਸਹਿਤ ਕਈ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ।

ਕੁਲਵੰਤ ਸਿੰਘ ਵਿਰਕ ਪੰਜਾਬੀ ਜਗਤ ਦਾ ਵਿਲੱਖਣ ਅਤੇ ਸਿਰਮੌਰ ਲੇਖਕ ਹੈ ਉਸ ਨੂੰ ਨਿੱਕੀ ਕਹਾਣੀ ਦਾ ਬਾਦਸ਼ਾਹ , ਸਧਾਰਨ ਮਨੁੱਖ ਦੀ ਸਾਧਾਰਨਤਾ ਨੂੰ ਚਿਤਰਣ ਵਾਲਾ ਕਹਾਣੀਕਾਰ ਵੀ ਕਿਹਾ ਜਾਂਦਾ ਹੈ ਉਸਦੀ ਜ਼ਹੀਨ ਦ੍ਰਿਸ਼ਟੀ ਸਮਾਜ ਦੇ ਓਹਨਾ ਪੱਖਾਂ ਬਾਰੇ ਗੱਲ ਕਹਿਣ ਦੇ ਸਮਰੱਥ ਹੈ ਜਿਸ ਨੂੰ ਮਨੁੱਖ ਅਚੇਤ ਹੀ ਛੱਡ ਦਿੰਦਾ ਹੈ |ਅਸਲ ਵਿੱਚ ਉਹ ਕਹਾਣੀ ਦੇ ਵੱਸ ਹੋਕੇ ਕਹਾਣੀਆਂ ਲਿਖਦਾ ਹੈ ਸ਼੍ਰੇਣੀ ਵੰਡ ਤੇ ਥੁੜੇ ਲੋਕਾਂ ਦੇ ਦੁੱਖਾਂ-ਸੁੱਖਾਂ , ਆਸ਼ਾਵਾਂ- ਨਿਰਾਸ਼ਾਵਾਂ ਨੂੰ ਬੜੀ ਕਲਾਤਮਿਕਤਾ ਨਾਲ ਪੇਸ਼ ਕਰਦਾ ਹੈ ਪਰ ਪ੍ਰਚਾਰ ਨਹੀਂ |

# ਸਾਹਿਤਕ ਰਚਨਾਵਾਂ

ਪੰਜਾਬੀ ਕਹਾਣੀ ਜਗਤ ਵਿੱਚ ਉਹ ਚਾਚਾ ੧੯੪੫ ਕਹਾਣੀ ਨਾਲ  ਪ੍ਰਵੇਸ਼ ਕਰਦਾ ਹੈ ਉਸ ਤੋਹ ਬਾਅਦ ਉਸ ਨੇ ੮ ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ ਸਾਹਿਤ ਨੂੰ ਦਿਤੇ-

- ਛਾਹ  ਵੇਲਾ (੧੯੫੦)
- ਧਰਤੀ ਤੇ ਅਕਾਸ਼ (੧੯੫੧)
- ਤੂੜੀ ਦੀ ਪੰਡ  (੧੯੫੪)
- ਏਕਸ ਕੇ ਹਮ ਬਾਰਿਕ (੧੯੫੫)
- ਦੁੱਧ ਦਾ ਛੱਪੜ (੧੯੫੮)
- ਗੋਲ੍ਹਾਂ (੧੯੬੧)
- ਨਵੇਂ ਲੋਕ (੧੯੬੭)
- ਆਤਿਸ਼ਬਾਜੀ (੧੯੮੪)
- ਮੇਰੀਆਂ ਸਾਰੀਆਂ ਕਹਾਣੀਆਂ (੧੯੮੬)

ਉਨ੍ਹਾਂ ਨੂੰ ੧੯੬੯ ਵਿੱਚ 'ਨਵੇਂ ਲੋਕ' ਲਈ ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲਿਆ

# ਦੁਆਦਸ਼ੀ ਬਾਰੇ

- ਦੁਆਦਸ਼ੀ ੧੯੫੮ ਕੁਲਵੰਤ ਸਿੰਘ ਵਿਰਕ ਦਾ ਚੋਣਵਾਂ ਕਹਾਣੀ ਸੰਗ੍ਰਹਿ ਹੈ , ਜਿਸ ਨੂੰ ਪ੍ਰੋਫੈਸਰ ਅਤਰ ਸਿੰਘ ਨੇ ਸੰਪਾਦਤ ਕੀਤਾ
- ਦੁਆਦਸ਼ੀ ਦੋ ਸ਼ਬਦਾਂ ਦੁਆ+ਦਸ਼ੀ ਦੇ ਸੁਮੇਲ ਭਾਵ ਦਸ+ਦੋ ਤੋਂ ਬਣਿਆ ਹੈ
- ਮਹਾਨ ਕੋਸ਼ ਅਨੁਸਾਰ ਦੁਆਦਸ਼ੀ ਦਾ ਅਰਥ ਚੰਦਰਮਾ ਦੀ ਬਾਹਰਵੀਂ ਤਿਥੀ ਹੈ
- ਇਸ ਸੰਗ੍ਰਹਿ ਵਿਚ ੧੨ ਕਹਾਣੀਆਂ ਮੌਜੂਦ ਹਨ , ਜਿਹਨਾਂ ਦੇ ਅਧਾਰ ਤੇ ਹੀ ਇਸ ਦਾ ਨਾਮਕਰਨ ਕੀਤਾ ਗਿਆ ਹੈ

# ਇਹ ਕਹਾਣੀਆਂ ਹਨ :

- ਚਾਚਾ
- ਛਾਹ ਵੇਲਾ
- ਉਜਾੜ
- ਖਬਲ
- ਮੁਰਦੇ ਦੀ ਤਾਕਤ
- ਤੂੜੀ ਦੀ ਪੰਡ
- ਦੋ ਆਨੇ ਦਾ ਘਾਹ
- ਮੇਨੂ ਜਾਣ੍ਹਦੇ?
- ਧਰਤੀ ਹੇਠਲਾ ਬਲਦ
- ਦੁੱਧ ਦਾ ਛੱਪੜ
- ਸ਼ੇਰਨੀਆਂ
- ਉਲ੍ਹਾਮਾ

# ਬਿਰਤਾਂਤ ਸ਼ਾਸਤਰ

ਗੁਰਸ਼ਬਦ ਰਤਨਾਕਰ ਕੋਸ਼ ਅਨੁਸਾਰ  ਬਿਰਤਾਂਤ ਦਾ ਸ਼ਾਬਦਿਕ ਅਰਥ : ਹਾਲ , ਸਮਾਚਾਰ ਚਰਚਾ ਸੰਵਾਦ ਹੈ |  ਬਿਰਤਾਂਤ ਵਿਚ ਕਾਲਪਿਤ ਜਾ ਵਾਸਤਵਿਕ ਘਟਨਾਵਾਂ ਨੂੰ ਕਥਾਤਮਕ ਢੰਗ ਨਾਲ ਕਾਲ-ਕ੍ਰਮਕ ਵਿਉਂਤ ਅਨੁਸਾਰ ਬਯਾਨਯਾ  ਜਾਂਦਾ ਹੈ ਜਿਸ ਵਿਧੀ ਰਹੀ ਬਿਰਤਾਂਤ ਦਾ ਅਧਜਨ  ਕੀਤਾ ਜਾਂਦਾ ਹੈ ਉਸ ਨੂੰ ਬਿਰਤਾਂਤ ਸ਼ਾਸਤਰ ਕਹਿੰਦੇ ਹਨ | ਕਹਾਣੀ ਉਸਾਰਨ ਦੀ ਅੰਦਰਲੀ ਬਣਤਰ ਅਤੇ ਇਸ ਦਾ ਵਿਧੀ ਵਿਧਾਨ ਹੀ ਬਿਰਤਾਂਤਕ ਅਧਜਨ ਹੈ

# ਦੁਆਦਸ਼ੀ ਦੇ ਸੰਦਰਭ ਵਿੱਚ

- ਵਿਰਕ ਦੀਆ ਕਹਾਣੀਆਂ ਵਿਚਲਾ ਬਿਰਤਾਂਤ ਸਾਧਾਰਨ ਮਨੁੱਖ ਦੀ ਸਾਧਾਰਨਤਾ ਨੂੰ ਸੁਹਜ ਦੇ ਨੁਕਤੇ ਤੋਂ ਪਛਾਣਦਾ ਹੈ |
- ਇਹ ਸਾਧਾਰਨ ਮਨੁੱਖ ਰੋਜ਼ਮਰਾ ਦੇ ਜੀਵਨ ਵੇਰਵਿਆਂ ਨਾਲ ਦੋ-ਚਾਰ ਹੁੰਦੇ ਆਪਣੇ ਵਜੂਦ ਨੂੰ ਕਾਇਮ ਰੱਖਦੇ ਹਨ ਦੁਆਦਸ਼ੀ ਵਿੱਚ ਸ਼ਾਮਿਲ ਸਾਰੀਆਂ ਕਹਾਣੀਆਂ ਦੇ ਪਾਤਰ ਜ਼ਿੰਦਗੀ ਦੀ ਇਸ ਜਦੋ -ਜਹਿਦ ਵਿੱਚੋ ਲੰਘਦੇ ਹੋਏ ਹਾਰ - ਜਿੱਤ, ਪ੍ਰਾਪਤੀ - ਅਪ੍ਰਾਪਤੀ , ਨੇਕੀ - ਬਦੀ , ਸੰਘਰਸ਼ - ਸਫਲਤਾ ਵਿੱਚ ਸੰਘਰਸ਼ ਕਰਦੇ ਰਹਿੰਦੇ ਹਨ |
- ਉਸ ਨੇ ਰੂਪ ਦੇ ਪੱਖ ਤੋਂ ਪੰਜਾਬੀ ਕਹਾਣੀ ਵਿੱਚ ਸੂਖਮਤਾ ਨਾਲ ਗੱਲ ਕਹਿਣ ਦੀ ਪਿਰਤ ਪਾਈ |
- ਅਸਲ ਵਿੱਚ ਵਿਰਕ ਦੀ ਕਲਾਮ ਬਿਰਤਾਂਤ ਦੀ ਆਤਮਾ ਨੂੰ ਪਛਾਨਣ ਵਿੱਚ ਯਤਨਸ਼ੀਲ ਹੈ|

# ਚਾਚਾ

' ਚਾਚਾ ' ਵਿਰਕ ਦੀ ਪਹਿਲੀ ਕਹਾਣੀ ਹੈ | ਇਸ ਵਿੱਚ ਚਾਰ ਚੁਫੇਰੇ ਦਾ ਵਾਤਾਵਰਣ ਪੇਂਡੂ ਅਤੇ ਕਿਸਾਨੀ ਹੈ ਚਾਚਾ ਅੰਹਵਿਆਹ ਹੈ ਪਰ ਵਿਆਹਿਆ ਵਰਗਾ ਭਰਮ ਪਾਲਦਾ ਹੈ | ਇਹ ਜੀਵਨ ਪ੍ਰਤੀ ਬਨਾਵਟੀ ਵਤੀਰਾ ਹੈ | ਮੱਝਾਂ ਦਾ ਮਾਨਵੀਕਰਣ ਖ਼ੂਬਸੂਰਤੀ ਨਾਲ ਕਰਦਾ ਹੈ | ਚਾਚੇ ਦਾ ਮੱਝਾਂ ਪ੍ਰਤੀ ਮੋਹ ਉਸ ਦੇ ਗ੍ਰਹਿਸਿਥ ਜੀਵਨ ਵਿੱਚ ਰੁਕਾਵਟ ਬਨ੍ਹਦਾ ਹੈ | ਉਸ ਦੇ ਰਿਸ਼ਤੇ ਦੇ ਟੁੱਟ ਜਾਣ ਦਾ ਕਾਰਨ ਭਾਵੇ ਉਸ ਦੀ ਅੱਖ ਦਾ ਨੁਕਸ ਹੈ ਪਰ ਇਹ ਵੀ ਅਸਲੀਅਤ ਨਹੀਂ | ਅਸਲ ਵਿੱਚ ਵਿਰਕ ਦੀ ਇਸ ਸਮਸਿਆ ਦਾ ਅਸਲੀ ਕਾਰਨ , " ਪੰਜਾਬ ਵਿੱਚ ਸਵਾਣੀਆਂ ਬੰਦਿਆਂ ਨਾਲੋਂ ਥੋੜੀਆਂ ਨੇ ਇਸ ਲਈ ਸਾਰੀਆਂ ਦਾ ਵਿਆਹ ਨਹੀਂ ਹੋ ਸਕਦਾ " ਦੱਸ ਕੇ ਇਸ ਘਟਨਾ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਸਹਿਜਸੁਭਾਵਕ ਹੀ ਪੇਸ਼ ਕਰ ਦਿੰਦਾ ਹੈ | ਇਵੇਂ ਕਹਾਣੀ ਵਿਚਲਾ ਵਾਤਾਵਰਣ ਹੀ ਵਿਰਕ ਦੀ ਬਿਰਤਾਂਤਕ ਵਿਧੀ ਹੈ

# ਛਾਹ ਵੇਲਾ

ਇਹ ਕਹਾਣੀ ਰਵਾਇਤੀ ਕਿਸਾਨੀ ਜੀਵਨ ਉਤੇ ਅਧਾਰਿਤ ਅਤੇ ਕੇਂਦਰੀ ਪਾਤਰ ਤੇਜੁ ਦੇ ਵਿਆਹੇ ਨਾ ਹੋਣ ਦੀ ਬਿਰਤਾਂਤਕ ਰੂੜੀ ਉਤੇ ਉਸਾਰੀ ਹੋਈ ਹੈ | ਪਿੱਠ ਭੂਮੀ ਵਿੱਚ ਤਾ ਔਰਤ ਦੀ ਅਣਹੋਂਦ ਹੈ ਜਦਕਿ ਅਗਰ ਭੂਮੀ ਵਿੱਚ ਥੁੜ੍ਹ ਦੀ ਪੂਰਤੀ ਦਾ ਅਹਿਸਾਸ ਹੈ | ਇਸ ਅਹਿਸਾਸ ਵਿੱਚੋ ਪੈਦਾ ਹੋਈ ਕਿਰਿਆਸ਼ੀਲਤਾ ਬਿਰਤਾਂਤ ਦੀ ਜਿੰਦ ਜਾਣ ਹੈ |ਸਾਰੀ ਕਹਾਣੀ ਛਾਹ ਵੇਲਾ ਲਿਆਉਣ ਵਾਲੀ ਇਸਤਰੀ ਕਰਤਾਰੀ ਅਤੇ ਤੇਜੂ ਦੇ ਦਵਾਲੇ ਬੁਣੀ ਹੋਈ ਹੈ ਪੁਰਾਣੀ ਸਾਂਝ ਦੀ ਚਿਣਗ ਇਕ ਦੂਜੇ ਦੇ ਸਾਮਣੇ ਆਉਣ ਨਾਲ ਮੱਘ ਉੱਠਦੀ ਹੈ ਮਨੁੱਖੀ ਮਨ ਦੀਆ ਤਹਿਆਂ ਖੋਲ੍ਹਦੀ ਇਸ ਕਹਾਣੀ ਦਾ ਬਿਰਤਾਂਤ ਲਕੀਰੀ ਨਹੀਂ ਹੈ ਪਿਛਲ ਝਾਤ ਦੀ ਜੁਗਤ ਦ੍ਵਾਰਾ ਪਾਤਰਾਂ ਦੇ ਮਨੋ ਵਿਹਾਰਾਂ ਦੀ ਪੇਸ਼ਕਾਰੀ ਹੈ |

# ਉਜਾੜ

ਉਜਾੜ ਕਹਾਣੀ ਕੇਂਦਰੀ ਪਾਤਰ ਆਲਾ ਸਿੰਘ ਦੇ ਪਿਛੋਕੜ ਉਤੇ ਉਸਰਦੀ, ਅਗੇ ਤੁਰਦੀ ਹੈ ਆਲਾ ਸਿੰਘ ਨੂੰ ਆਪਣੇ ਸਮੇਂ ਅਤੇ ਸਥਾਨ ਉਤੇ ਚੰਗਾ ਮਾਣ - ਤਾਣ ਹਾਸਿਲ ਸੀ | ਕਹਾਣੀ ਦਾ ਸਮਾਂ ਅਤੇ ਸਥਾਨ ਦੂਜੀ ਸੰਸਾਰ ਜੰਗ ਵੇਲੇ ਦਾ ਹੈ ਅਤੇ ਅਣਵੰਡਿਆ ਪੰਜਾਬ | ਕਹਾਣੀ ਦੀ ਉਸਾਰੀ ਲਈ ਕਹਾਣੀ ਦੇ ਸ਼ੁਰੂ ਵਿੱਚ ਅਜਿਹਾ ਬਿਰਤਾਂਤਕ ਪਿੜ ਬਨਣਾ ਵਿਰਕ ਦੀ ਬਿਰਤਾਂਤ ਵਿਧੀ ਹੈ | ਆਲਾ ਸਿੰਘ ਦਾ ਵਡੱਪਣ ਅਤੇ ਬਦਲਦੇ ਹਲਾਤ ਦੋ ਅਧਾਰ ਹਨ , ਜਿਨ੍ਹਾਂ ਉਤੇ ਕਹਾਣੀ ਦੀ ਉਸਾਰੀ ਹੋਈ ਹੈ | ਸਮਾਂ ਬਾਦਲ ਰਿਹਾ ਹੈ ਭਾਵੇ ਤਬਦੀਲੀ ਦੇ ਅਗੇ ਪੁਰਾਣੇ ਦਾ ਟਿਕਣਾ ਸੰਭਵ ਨਹੀਂ ਪਾਰ ਫੇਰ ਵੀ ਰਿਵਾਇਤੀ ਸੋਚ ਦੀ ਪਰਿਪੱਕਤਾ ਅਤੇ ਸੁਹਿਰਦਤਾ ਸਾਮਣੇ ਨੈਤਿਕ ਜਾ ਸਭਿਅਕ ਮੁੱਲ ਪਿਸਦੇ ਦਿਖਾਈ ਦਿੰਦੇ ਹਨ | ਤਬਦੀਲੀ ਇਕ ਵੱਡਾ ਸੱਚ ਹੈ ਜੋ ਇਸ ਕਹਾਣੀ ਵਿੱਚ ਪੇਸ਼ ਹੋਇਆ ਹੈ |

# ਖੱਬਲ

ਕਹਾਣੀ ਦਾ ਵਿਸ਼ਾ ਦੇਸ਼ ਵੰਡ ਨਾਲ ਸੰਬੰਧਿਤ ਹੈ | ਵੰਡ ਤੋਂ ਬਾਅਦ ਸਭ ਕੁਛ ਉਖੜ-ਪੁਖੜ ਗਿਆ ਹੈ | ਹਰ ਚੀਜ ਜੜ੍ਹਾਂ ਤੋਂ ਹਿਲ ਗਈ ਹੈ ਅਤੇ ਪੁਨਰ ਸਥਾਪਨਾ ਦਾ ਦੌਰ ਜਾਰੀ ਹੈ | ਸ਼ੁਰੂ ਵਿੱਚ ਕਹਾਣੀ ਤੁਰ ਕੇ ਵੀ ਸਥਿਰ ਹੋ ਗਈ ਜਾਪਦੀ ਹੈ | ਇਵੇ ਜਾਪਦਾ ਹੈ ਜਿਵੇ ਬਿਰਤਾਂਤਕਾਰ ਕਿਸੇ ਪਾਤਰ ਦੇ ਵੱਡੇ ਦੁਖਾਂਤ ਨੂੰ ਪੇਸ਼ ਕਰਨ ਦੀ ਤਿਆਰੀ ਕਰ ਰਿਆ ਹੋਵੇ | ਫਿਰ ਕਹਾਣੀ ਉਸ ਸਿੱਖ ਔਰਤ ਜੋ ਜਬਰੀ ਮੁਸਲਮਾਨ ਬਣਾ ਲਈ ਗਈ ਸੀ ਦੀ ਪੀੜ੍ਹਾ ਨਾਲ ਅਗੇ ਤੁਰਦੀ ਹੈ , ਜੋ ਹੁਣ ਉਧਾਲੀ ਗਈ ਨੰਣਹ ਨੂੰ ਲੱਭਣ ਦਾ ਤਰਲਾ ਕਰਦੀ ਹੈ | ਇਹ ਭਾਵਨਾ ਆਪਣਿਆਂ ਨਾਲ ਰਿਸ਼ਤਾ ਬਣਾਉਣ ਵਾਲੀ ਹੈ | ਇਸ ਫਿਤਰਤ ਨੂੰ ਹੀ ਬਿਰਤਾਂਤਕਾਰ ਖੱਬਲ ਨਾਲ ਤੁਲਨਾ ਦਿੰਦਾ ਹੈ | ਖੱਬਲ ਘਾਹ ਦੀ ਉਹ ਕਿਸਮ ਹੈ ਜੋ ਪੁੱਟਣ ਦੇ ਬਾਵਜੂਦ ਮੁੜ ਫੁੱਟ ਪੈਂਦਾ ਹੈ |

# ਉਲ੍ਹਾਮਾ

੧੯੪੭ ਦੀ ਵੰਡ ਉਤੇ ਅਧਾਰਿਤ ਇਹ ਕਹਾਣੀ ਪਿੱਠ ਭੂਮੀ ਉਤੇ ਉਸਾਰੀ ਹੋਈ ਹੈ | ਸ਼ੁਰੂ ਵਿੱਚ ਬਾਹਰੀ ਅਸਲੀਅਤ ਦੀ ਪੇਸ਼ਕਾਰੀ ਹੋਈ ਹੈ ਤੇ ਪਾਤਰ ਦਾ ਜ਼ਿਕਰ ਬਾਦ ਵਿਚ ਆਉਂਦਾ ਹੈ | ਪੰਜਾਬ ਦੇ ਰਵਾਇਤੀ ਯਥਾਰਥ ਨੂੰ ਪੇਸ਼ ਕਰਦਿਆਂ ਵਿਰਕ ਨੇ ਕਿਸਾਨ ਪਰਿਵਾਰਾਂ ਵਿੱਚ ਬਲਦਾ ਮੱਝਾਂ ਅਤੇ ਫਸਲਾਂ ਨੂੰ ਵੀ ਸ਼ਾਮਿਲ ਕੀਤਾ ਹੈ | ਲੋਕ ਵਿੱਚ ਭਾਵੇ ਕਾਰ ਵਯਾਹਾਰ ਦੀ ਸਾਂਝ ਹੈ ਪਾਰ ਦੇਸ਼ ਵੰਡ ਕਰਨ ਫਿਰਕਾਪ੍ਰਸਤੀ ਦੀ ਭਾਵਨਾ ਪੈਦਾ ਹੋ ਗਈ ਹੈ | ਫੂਲਾ ਸਿੰਘ ਆਪਣੇ ਹੀ ਖੇਤਾਂ ਤੋਂ ਵਿਸ਼ੁਨਯਾ ਜਾਂਦਾ ਹੈ , ਲਧਾ ਸਿੰਘ ਆਪਣੀਆਂ ਮੱਝਾਂ ਦੇ ਦੁੱਧ ਤੋਂ ਮਲਕੀਅਤ ਗਵਾ ਬੈਠਦਾ ਹੈ | ਕਹਾਣੀ ਵਿੱਚ ਆਪਣੀ ਭੋਏ , ਆਪਣੇ ਭਾਈਚਾਰੇ ਤੇ ਆਪਣੇ ਦੇਸ਼ ਤੋਂ ਬੇਦਖ਼ਲ ਹੋ ਕੇ ਅਜਨਬੀਅਤ ਭੋਗੇ ਜਾਣ ਦਾ ਸੰਤਾਪ ਹੈ | ਬਿਰਤਾਂਤ ਵਿੱਚ ਵੇਰ-ਵਿਆਂ ਦੀ ਬੁਣਤੀ ਸੰਘਣੀ ਹੈ |

# ਮੁਰਦੇ ਦੀ ਤਾਕਤ

ਮੁਰਦੇ ਦੀ ਤਾਕਤ ਦੇਸ਼ ਵੰਢ ਤੋਂ ਪ੍ਰਭਾਵਿਤ ਕਹਾਣੀ ਹੈ | ਰਿਫਿਊਜੀ ਕੈਂਪ , ਰਾਖੀ ਲਈ ਪਾਕਿਸਤਾਨੀ ਫੌਜ ਵਿੱਚੋ ਕੱਢੇ ਹੋਏ ਸ਼ਾਸ਼ਿ (ਮੁਸਲਮਾਨ), ਕੈਂਪ ਦੀ ਰਾਖੀ ਦੀ ਅਸਲ ਜ਼ਿਮੀਵਾਰ ਸਿੱਖ ਪਲਟਣ , ਪਾਕਿਸਤਾਨੀ ਰਖਵਾਲੇ ਭਾਰਤੀਆਂ ਨੂੰ ਮਾਰਨ ਦੀ ਤਾਕ ਵਿਚ | ਸਮੁੱਚੀ ਕਹਾਣੀ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੇ ਥੀਮ ਨਾਲ ਜੁੜੀ ਹੋਈ ਹੈ | ਕਥਾ ਤੋਰਨ ਤੋਂ ਪਹਿਲਾ ਭੂਮਿਕਾ ਬੰਨ੍ਹਣਾ ਵਿਰਕ ਦੀ ਬਿਰਤਾਂਤ ਸ਼ਾਸਤ੍ਰ ਕਲਾ ਹੈ | ਬਿਰਤਾਂਤ ਵਿਚ ਤਣਾਉ ਤੇ ਕਸਾਉ ਹੈ ਪਾਣੀ ਵਿਚ ਰੁੜ੍ਹਦਾ ਆ ਰਿਹਾ ਮੁਰਦਾ ਕਿਸੇ ਦੀ ਜਿੱਤ ਤੇ ਕਿਸੇ ਦੀ ਹਾਰ ਦਾ ਪ੍ਰਤੀਕ ਹੈ | ਕਹਾਣੀ ਵਿੱਚ ਟਕਰਾਓ ਹੈ ਪਾਰ ਤਣਾਓ ਨਹੀਂ | ਨਿੱਕੇ - ਨਿੱਕੇ ਵੇਰਵੇ ਕਹਾਣੀ ਦੇ ਪ੍ਰਭਾਵ ਨੂੰ ਹੋਰ ਤੀਖਣ ਕਰਦੇ ਹਨ |

# ਤੂੜੀ ਦੀ ਪੰਡ

ਬਹਾਦਰ ਸਿੰਘ ਚੱਠਾ ਬਰਾਦਰੀ ਦਾ ਰਖਵਾਲਾ ਹੈ | ਸਮਾਂ ਬਦਲਣ ਦੇ ਨਾਲ ਸਭ ਕੁਛ ਬਦਲਦਾ ਹੈ |ਕਹਾਣੀ ਦੀ ਰਚਨਾ ਦ੍ਰਿਸ਼ਟੀ ਬਦਲਦੇ ਸਮੇ ਦੀ ਚਾਲ ਮੁਤਾਬਕ ਹੈ | ਪਰੰਪਰਾ ਤੇ ਆਧੁਨਿਕਤਾ ਦੇ ਸੂਚੱਜੇ ਸੁਮੇਲ ਨੂੰ ਪੇਸ਼ ਕਰਦੀ ਹੈ | ਇਹ ਕਹਾਣੀ ੧੯੪੭ ਤੋਂ ਬਾਦ ਬਦਲਦੇ ਸਮੇ ਨੂੰ ਪੇਸ਼ ਕਰਦੀ ਹੈ | ਬਹਾਦਰ ਸਿੰਘ ਨੂੰ ਆਪਣੀ ਬਰਾਦਰੀ ਨੂੰ ਦਰਿਆ ਵਿੱਚ "ਤੂੜੀ ਦੀ ਪੰਡ" ਵਾਂਗ ਖਿਲਾਰਦੀ ਜਾਪਦੀ ਹੈ | ਕਹਾਣੀ ਇਕ ਵੈਗ ਵਿੱਚ ਚਲਦੀ ਹੋਈ ਇਹ ਪੇਸ਼ ਕਰਦੀ ਹੈ ਕਿ ਨਵੇਂ ਦੇ ਰੋੜ੍ਹ ਅਗੇ ਸਭ ਰੁੜਦੇ ਵਖਾਈ ਦਿੰਦੇ ਹਨ | ਨਾਇਕ ਭਾਵੇ ਹਾਰਦਾ ਹੈ ਪਰ ਇਹ ਇੰਞ ਹੋਣਾ ਹੀ ਸੀ |

# ਦੋ ਆਨੇ ਦਾ ਘਾਹ

ਇਸ ਕਹਾਣੀ ਵਿੱਚ ਬੂਟਾ ਨਾਇਕ ਦੇ ਤੌਰ ਤੇ ਪੇਸ਼ ਹੋਇਆ ਹੈ | ਉਹ ਇਕ ਚੰਗਾ ਵਕੀਲ ਅਤੇ ਸ਼ਹਿਰ ਦੀ  ਕਮੇਟੀ ਦਾ ਪ੍ਰਧਾਨ ਵੀ ਹੈ | ਉਸ ਨੂੰ ਮਝਾ ਨਾਲ ਮੋਹ ਹੈ ਅਤੇ ਮਝਾ ਦੀ ਮਨਪਸੰਦ ਖੁਰਾਕ ਘਾਹ ਹੈ | ਘਾਹ ਦਾ ਮੁੱਲ ਭਾਵੇ ੨ ਆਨੇ ਹੈ ਪਰ ਅਸਲ ਗੱਲ  ਪੈਸੇ ਦੀ ਨਹੀਂ ਮਝਾ ਨਾਲ ਮੋਹ ਦੀ ਹੈ | ਮਝਾ ਤੇ ਘਾਹ ਨਾਲ ਬੂਟੇ ਦਾ  ਮਝਾ ਤੇ ਘਾਹ ਨਾਲ ਬੂਟੇ ਦਾ ਲਗਾਵ ਭਾਵੁਕ ਹੈ | ਬਿਰਤਾਂਤ ਦੋਹਰਾ ਹੈ | ਬੂਟਾ ਆਪਣੀ ਬੁੱਧੀ ਅਤੇ ਸੂਝ ਨਾਲ ਕੰਮ  ਲੈਂਦਾ ਹੈ ਪਰ ਬੁੱਧੀ ਅਤੇ ਸੂਝ ਵਿੱਚ ਇਕ ਤਨਾਵ ਹੈ ਅਤੇ  ਇਹ ਕਹਾਣੀ ਤਨਾਵ ਵਿੱਚ ਹੀ ਖਤਮ ਹੁੰਦੀ ਹੈ | ਇਹ ਵਿਰਕ ਦੀ ਇਕ ਵੱਖਰੀ ਕਿਸਮ ਦੀ ਕਹਾਣੀ ਹੈ ਜਿਸ ਵਿੱਚ ਇਕ ਨਵੀਨਤਾ  ਪੇਸ਼ ਹੋਈ ਹੈ |

# ਮੇਨੂ ਜਾਣਦੇ ?

ਇਸ ਕਹਾਣੀ ਵਿਚਲੇ ਦੋ ਪਾਤਰ ਇਕ ਦੂਜੇ ਨੂੰ ਅਜਨਬੀਆਂ ਵਾਂਗ ਮਿਲਦੇ ਹਨ | ਬਿਰਤਾਂਤ ਕਾ|ਰ ਦਾ ਮੇਲ ਇਕ ਅਣਹੋਏ ਵਰਗੇ ਪਾਤਰ ਨਾਲ ਹੁੰਦਾ ਹੈ , ਉਸ ਦਾ ਨਾ ਕੋਈ ਨਾਮ ਹੈ ਅਤੇ ਨਾ ਹੀ ਕੋਈ ਪਛਾਣ | ਇਹ ਪਾਤਰ ਦੇਸ਼ਵੰਡ ਤੋਂ ਪ੍ਰਭਾਵਿਤ ਹੈ ਅਤੇ ਬੇਘਰ ਹੈ | ਮਾਨਸਿਕ ਤੌਰ ਉਤੇ ਇਹ ਹੀਣਤਾ ਨਾਲ ਗ੍ਰਸਿਆ ਹੋਇਆ ਹੈ ਪਰ ਬਿਰਤਾਂਤਕਾਰ ਜਦੋ ਹੀ ਉਸ ਨਾਲ ਜਾਣਦਾ ਹੋਣ ਦੀ ਸਾਂਝ ਪਾਉਂਦਾ ਹੈ ਤਾ ਇਹ ਪਾਤਰ ਅਣਹੋਏ ਤੋਂ ਹੋਏ ਦੀ ਭਾਵਨਾ ਵਿੱਚ ਆ ਜਾਂਦਾ ਹੈ | ਕਹਾਣੀ ਸਵਾਲੀਆਂ ਨਿਸ਼ਾਨ ਤੋਂ ਸ਼ੁਰੂ ਹੁੰਦੀ ਹੈ | ਅਸਲ ਵਿੱਚ ਇਹ ਸਵਾਲੀਆਂ ਨਿਸ਼ਾਨ ਜਾਨਣ ਜਾ ਨਾ ਜਾਨਣ ਦੀ ਮਨੋਸਥਿਤੀ ਦਾ ਪ੍ਰਤੀਕ ਹੈ | ਕਹਾਣੀ ਵਿਚਲਾ ਬਿਰਤਾਂਤ ਕਿਸੇ ਘਟਨਾ ਜਾ ਨਾਟਕੀਪਨ ਤੋਂ ਰਹਿਤ ਹੈ | ਦੋ ਪਾਤਰਾਂ ਦੇ ਆਪਸੀ ਵਾਰਤਾਲਾਪ ਤੋਂ ਕਹਾਣੀ ਆਪਣੀ ਤੋਰ ਤੁਰਦੀ ਪਾਤਰਾਂ ਦੇ ਮਨੋਵਿਕਾਸ ਨੂੰ ਪੇਸ਼ ਕਰਦੀ ਹੈ |

# ਧਰਤੀ ਹੇਠਲਾ ਬਲਦ

ਇਹ ਕਹਾਣੀ ਉਤਸੁਕਤਾ ਭਰਪੂਰ ਹੈ ਇਸ ਦਾ ਆਰੰਭ ਝਟਪਟ ਵਾਲਾ ਹੈ | ਸਮਾਂ ਤੇ ਸਥਾਨ ੧੯੪੭ ਦੀ ਵੰਡ ਤੋਂ ਪਹਿਲਾ ਵਾਲਾ ਹੈ | ਕਹਾਣੀ ਦਾ ਆਰੰਭ ਮਾਨ ਸਿੰਘ ਦੇ ਆਪਣੇ ਦੋਸਤ ਕਰਮ ਸਿੰਘ ਦੇ ਪਿੰਡ ਆਉਣ ਤੋਂ ਹੁੰਦਾ ਹੈ ਸ਼ੁਰੂ ਵਿੱਚ ਕਹਾਣੀ ਧੀਮੀ ਗੱਤੀ ਵਿੱਚ ਚਲਦੀ ਹੈ | ਡਾਕੀਏ ਦੇ ਆਉਣ ਤੇ ਕਹਾਣੀ ਵਿੱਚ ਇਕ ਤਿੱਖਾ ਮੋੜ ਆਉਂਦਾ ਹੈ ਤੇ ਕਹਾਣੀ ਗਤੀ ਵਿੱਚ ਹੋ ਜਾਂਦੀ ਹੈ | ਮੁਢਲੇ ਬਿਰਤਾਂਤ ਵਿੱਚ ਇਕ ਲਕੋ ਹੈ ਜੋ ਡਾਕੀਏ ਦੇ ਆਉਣ ਤੇ ਖੁਲ ਜਾਂਦਾ ਹੈ , ਲਕੋ ਕਰਮ ਸਿੰਘ ਦੀ ਮੌਤ ਦਾ ਸੀ | ਮਾਨ ਸਿੰਘ ਦੇ ਛੁਟੀ ਆਉਣ ਤੋਂ ਬਾਦ ਕਰਮ ਸਿੰਘ ਦੀ ਲੜਾਈ ਵਿੱਚ ਮੌਤ ਹੋ ਜਾਂਦੀ ਹੈ | ਘਰ ਵਿਚਲਾ ਸੋਗੀ ਮਾਹੌਲ ਜੋ ਮਾਨ ਸਿੰਘ ਦੀ ਸਮਝ ਤੋਂ ਬਾਹਰ ਸੀ ਹੁਣ ਸਮਝ ਆ ਆ ਜਾਂਦਾ ਹੈ | ਕਰਮ ਸਿੰਘ ਦਾ ਬਾਪੂ ਆਪਣੇ ਪੁੱਤਰ ਦੀ ਮੌਤ ਦੀ ਖ਼ਬਰ ਲਕੋ ਕੇ ਰੱਖਦਾ ਹੈ ਕਿਉਕਿ ਉਹ ਮਾਨ ਸਿੰਘ ਦੀ ਛੁਟੀ ਖ਼ਰਾਬ ਨਹੀਂ ਸੀ ਕਰਨਾ ਚਾਉਂਦਾ | ਇਸ ਤੋਂ ਮਾਨ ਸਿੰਘਾਂ ਨੂੰ ਬਾਪੂ ਉਸ ਬਲਦ ਦੇ ਸਮਾਨ ਲੱਗਣ ਲੱਗ ਜਾਂਦਾ ਹੈ ਜਿਸ ਨੇ ਧਰਤੀ ਦਾ ਸਾਰਾ ਭਰ ਚੁਕਿਆ ਹੋਇਆ ਹੈ |

# ਦੁੱਧ ਦਾ ਛੱਪੜ

ਇਹ ਕਹਾਣੀ ਆਪਸੀ ਸਾਂਝ ਅਤੇ ਏਕਤਾ ਦੀ ਬਰਕਤ ਨਾਲ ਸ਼ੁਰੂ ਹੁੰਦੀ ਹੈ | ਚਾਚੇ ਤਾਏ ਦੇ ਪੁੱਤ ਭਰਾ ਲਾਲ ਅਤੇ ਦਯਾਲ ਦੋ ਮੁਖ ਪਾਤਰ ਹਨ | ਲਾਲ ਨੇ ਵਾਹੀ ਦਾ ਕੰਮ ਸੰਭਯਾ ਹੋਇਆ ਹੈ ਜਦਕਿ ਦਯਾਲ ਪਿੰਡ ਵਿੱਚ ਚੌਧਰ ਵਿੱਚ ਮਸ਼ਰੂਫ ਹੈ | ਭਰਾਵਾ ਦੀ ਇਸ ਸਾਂਝ ਦਾ ਪਤਨੀਆਂ ਉਤੇ ਪ੍ਰਭਾਵ ਚੁਬਵਾ ਹੈ ਕਿਉਕਿ ਓਹਨਾ ਦੀ ਸਾਂਝ ਪਤਨੀਆਂ ਲਈ ਈਰਖਾ ਦਾ ਕਰਨ ਹੈ | ਇਸ ਕਹਾਣੀ ਦੀ ਬੁਣਤੀ ਵਿੱਚ ਕਈ ਅਜਿਹੇ ਵੇਰਵੇ ਹਨ ਜੋ ਦੋਵਾਂ ਪਾਤਰ ਦੀ ਮਾਨਸਿਕ ਦੂਰੀ ਦਾ ਕਾਰਨ ਬੰਦੇ ਹਨ | ਇਸ ਵਿੱਚ ਪਾਤਰਾਂ ਦੀ ਜਟਿਲ ਮਨੋਸਥਿਤੀ ਪੇਸ਼ ਹੋਈ ਹੈ | ਨਾਟਕੀ ਵੇਰਵੇ ਵੀ ਹਨ , ਤਨਾਵ ਵੀ ਹੈ ਤੇ ਵਿਰੋਧ ਵੀ | ਕਹਾਣੀ ਦਾ ਸਿਰਲੇਖ ਵੀ ਚਿਹਨਕ ਹੈ | ਦੁੱਧ ਮਿਠਾਸ ਅਤੇ ਚੰਗੀ ਸਿਹਤ ਦਾ ਪ੍ਰਤੀਕ ਹੈ ਜਦਕਿ ਛੱਪੜ ਖੁਲੇ ਦਿਲ ਦਾ |

# ਸ਼ੇਰਨੀਆਂ

ਇਹ ਕਹਾਣੀ ਬਦਲ ਰਹੀ ਦੁਨੀਆਂ ਵਿੱਚ ਆ ਰਹੀ ਨਵੀ ਸੋਝੀ ਨੂੰ ਪੇਸ਼ ਕਰਦੀ ਹੈ | ਕਹਾਣੀ ਦਾ ਆਰੰਭ ਸੈਰ ਦੇ ਬਿਰਤਾਂਤ ਨਾਲ ਹੁੰਦਾ ਹੈ | ਇਸ ਦਾ ਆਰੰਭ ਤੱਟ-ਫੱਟ ਵਾਲਾ ਹੈ | ਮੁਖ ਪਾਤਰ ਸ਼ਾਮ ਦੇ ਹਨੇਰੇ ਵਿੱਚ ਪਾਰਕ ਵਿੱਚ ਸੈਰ ਕਰਨ ਲਈ ਨਿਕਲ ਦਾ ਹੈ | ਹਨੇਰਾ ਕਈ ਦੁਨਿਆਵੀ ਓਹਲੇਆਂ ਦਾ ਪ੍ਰਤੀਕ ਹੈ | ਪਾਰਕ ਵਿੱਚ ਉਸਨੂੰ ਹਨੇਰੇ ਵਿੱਚ ਖਲੋਤੀਆਂ ਕੁੜੀਆਂ ਵਿੱਚ ਦਿਲਚਸਪੀ ਜਾਗਦੀ ਹੈ | ਕੁੜੀਆਂ ਉਹ ਅਧਿਆਪਕਾਵਾਂ ਹਨ ਜੋ ਪਿੰਡਾਂ ਵਿੱਚ ਪੜ੍ਹਾਉਣ ਜਾਂਦੀਆਂ ਹਨ ਤੇ ਇਸ ਮਕਸਦ ਲਈ ਉਹ ਸਾਈਕਲ ਸਿੱਖ ਰਹੀਆਂ ਹਨ | ਸਾਈਕਲ ਇਕ ਸੁਰੱਖਿਅਤ ਸਵਾਰੀ ਹੈ | ਇਥੋਂ ਪਤਾ ਲਗਦਾ ਹੈ ਕਿ ਕਿਵੇਂ ਨਵੇਂ ਯੁਗ ਦੇ ਕੀਤੇ ਦੌਰਾਨ ਔਰਤ ਦਾ ਵੇਹਾਰ ਬਦਲ ਰਿਹਾ ਹੈ | ਇਹਨਾਂ ਕੁੜੀਆਂ ਨੂੰ ਹੀ ਵਿਰਕ ਨੇ ਸ਼ੇਰਨੀਆਂ ਨਾਲ ਤੁਲਨਾ ਦਿਤੀ ਹੈ |

# ਨਿਸ਼ਕਰਸ਼

ਇਸ ਪ੍ਰਕਾਰ ਵਿਰਕ ਦੀ ਕਥਾ ਜੜਤ ਸਰਲ ਸੂਖਮ ਅਤੇ ਸੂਝ ਭਾਵੀ ਹੈ | ਉਹ ਜ਼ਿੰਦਗੀ ਦੇ ਵਿਸ਼ਾਲ ਖੇਤਰ ਵਿੱਚ ਯਥਾਰਤਾਕ ਘਟਨਾਵਾਂ ਨੂੰ ਬਿਨਾ ਕਿਸੇ ਉਚੇਜ ਦੇ ਸੂਖਮਤਾ  ਨਾਲ ਪੇਸ਼ ਕਰਦਾ  ਹੋਇਆ ਮਨੁੱਖੀ  ਮਨ ਦੀਆ ਤਹਿਆਂ ਨੂੰ ਪਾਠਕਾਂ ਤੱਕ ਪਹੁੰਚਾਦਿੰਦਾ ਹੈ | ਉਸਦੀ ਬਿਰਤਾਂਤਕਾਰੀ ਦਾ ਸਫਰ ਉਲਝਾ ਤੋਂ ਸੁਲਝਾ ਵੱਲ ਹੈ | ਉਸਦੀਆਂ ਕਹਾਣੀਆਂ ਇਕ ਸਹਿਜ ਅਵਸਥਾ ਤੋਂ ਆਰੰਭ ਹੋਕੇ ਆਪਣੀ ਚਰਮ ਸੀਮਾ ਤੇ ਪਹੁੰਚ ਦੀਆ ਹਨ | ਉਸਦੇ ਪਾਤਰ ਸੰਘਰਸ਼ ਤੋਂ ਬਾਦ ਕੰਢੇ ਤੇ ਜ਼ਰੂਰ ਪਹੁੰਚਦੇ ਹਨ | ਉਸ ਦੀ ਪੇਸ਼ਕਾਰੀ ਵਿੱਚ ਸੰਤੁਲਨ ਵੀ ਹੈ ਅਤੇ ਯਥਾਰਤ ਵੀ | ਪਾਤਰਾਂ ਦੇ ਕਈ ਭਰਮ ਟੁੱਟਦੇ ਵੀ ਹਨ ਤੇ ਕਈ ਨਵੇਂ ਵੀ ਬਣਦੇ ਹਨ |  ਉਸਦਾ ਕਥਾ ਸ਼ਾਸਤਰ ਵਜਕਤਿਗਤ ਤੋਂ ਵਿਸ਼ਵ ਵਿਆਪੀ ਸਮੂਹਿਕਤਾ ਵੱਲ ਵਿਕਾਸ ਕਰਦਾ ਹੈ |